**ਐਮਰਜੰਸੀ ਮੈਨੇਜਮੈਂਟ ਬੀ.ਸੀ.**
ਸੂਬੇ ਦਾ ਐਮਰਜੰਸੀ ਪ੍ਰੋਗਰਾਮ

# ਹੜ੍ਹਾਂ ਦੇ ਸੰਭਾਵੀ ਖ਼ਤਰੇ ਅਤੇ ਜ਼ਾਤੀ ਹਿਫ਼ਾਜ਼ਤ ਬਾਰੇ ਇਹਤਿਆਤ

## ਆਮ ਜਾਣਕਾਰੀ

ਜੇਕਰ ਆਪਣੇ ਆਪ ਅਤੇ ਵਾਤਾਵਰਨ ਨੂੰ ਸੁਰੱਖਿਅਤ ਕਰਨ ਲਈ ਢੁਕਵੇਂ ਕਦਮ ਨਾ ਚੁੱਕੇ ਜਾਣ ਤਾਂ ਹੜ੍ਹਾਂ ਕਾਰਨ ਬਹੁਤ ਸਾਰੇ ਸੁਰੱਖਿਆ ਅਤੇ ਸਿਹਤ ਸਬੰਧੀ ਗੰਭੀਰ ਖ਼ਤਰੇ ਪੈਦਾ ਹੋ ਸਕਦੇ ਹਨ। ਹੜ੍ਹ ਦਾ ਪਾਣੀ ਗੰਦੇ ਪਾਣੀ (sewage) ਅਤੇ ਹੋਰ ਦੂਸ਼ਣ ਕਰਨ ਵਾਲੇ ਪਦਾਰਥਾਂ, ਜਿਵੇਂ ਕਿ ਕੀਟਨਾਸ਼ਕ ਦਵਾਈਆਂ, ਤੇਲ ਜਾਂ ਰਸਾਇਣਕ ਵਿਅਰਥ ਪਦਾਰਥਾਂ ਕਾਰਨ ਕਾਫੀ ਜ਼ਿਆਦਾ ਮਲੀਨ ਹੋਇਆ ਹੋ ਸਕਦਾ ਹੈ। ਨਾਲੇ, ਸਿਰਫ 60 ਸੈਂਟੀਮੀਟਰ ਵਗਦਾ ਪਾਣੀ ਕਾਰ ਨੂੰ ਵਹਾ ਕੇ ਲੈ ਜਾ ਸਕਦਾ ਹੈ, ਅਤੇ 15 ਸੈਂਟੀਮੀਟਰ ਜਿੰਨੇ ਥੋੜ੍ਹੇ ਪਾਣੀ ਨਾਲ ਪੈਰ ਉੱਖੜ ਸਕਦੇ ਹਨ।

ਬੀਮਾਰੀ ਅਤੇ ਗੰਭੀਰ ਸੱਟ-ਫੇਟ ਤੋਂ ਬਚਾਅ ਕਰਨ ਲਈ ਅਜਿਹੇ ਕਈ ਇਹਤਿਆਤ ਹਨ ਜਿਨ੍ਹਾਂ ਨੂੰ ਤੁਸੀਂ ਵਰਤ ਸਕਦੇ ਹੋ। ਹੇਠਾਂ ਕੁਝ ਕਿਸਮ ਦੇ ਖ਼ਤਰੇ ਦਿੱਤੇ ਗਏ ਹਨ ਜਿਨ੍ਹਾਂ ਤੋਂ ਤੁਹਾਨੂੰ ਸੁਚੇਤ ਰਹਿਣਾ ਚਾਹੀਦਾ ਹੈ ਅਤੇ ਕੁਝ ਨੁਕਤੇ ਜਿਨ੍ਹਾਂ ਰਾਹੀਂ ਤੁਸੀਂ ਬਚਾਅ ਕਰ ਸਕਦੇ ਹੋ ਅਤੇ ਇਹਤਿਆਤ ਵਰਤ ਸਕਦੇ ਹੋ:

### ਖ਼ਤਰੇ

- ਕਦੇ ਵੀ ਹੜ੍ਹ ਦੇ ਪਾਣੀ ਵਿਚ ਗੱਡੀ ਚਲਾਉਣ ਦੀ ਕੋਸ਼ਿਸ਼ ਨਾ ਕਰੋ। ਪਾਣੀ ਉਸ ਨਾਲ ਜ਼ਿਆਦਾ ਡੂੰਘਾ ਹੋ ਸਕਦਾ ਹੈ ਜਿੰਨਾ ਇਹ ਦਿਖਾਈ ਦਿੰਦਾ ਹੈ, ਅਤੇ ਪਾਣੀ ਦਾ ਪੱਧਰ ਬਹੁਤ ਤੇਜ਼ੀ ਨਾਲ ਚੜ੍ਹ ਸਕਦਾ ਹੈ। ਜੇ ਕਦੇ ਕਾਰ ਹੜ੍ਹ ਦੇ ਪਾਣੀ ਵਿਚ ਖੜ੍ਹ ਜਾਵੇ, ਤਾਂ ਫੌਰਨ ਬਾਹਰ ਨਿਕਲ ਆਓ ਅਤੇ ਕਿਸੇ ਉੱਚੀ ਥਾਂ 'ਤੇ ਚਲੇ ਜਾਓ।
- ਬਹੁਤ ਸਾਰੀਆਂ ਚੀਜ਼ਾਂ ਪਾਣੀ ਅਤੇ ਮਿੱਟੀ ਨੂੰ ਦੂਸ਼ਤ ਕਰ ਸਕਦੀਆਂ ਹਨ। ਸਾਰੇ ਰਸਾਇਣਾਂ ਜਿਵੇਂ ਕਿ ਕੀਟਨਾਸ਼ਕ ਦਵਾਈਆਂ (ਸਮੇਤ ਜੜ੍ਹੀ ਬੂਟੀ ਮਾਰਨ ਵਾਲੀਆਂ ਦਵਾਈਆਂ ਦੇ), ਖਾਦ ਵਗੈਰਾ ਨੂੰ ਅਜਿਹੇ ਡੱਬਿਆਂ ਵਿਚ ਬੰਦ ਕਰਕੇ ਜਿਨ੍ਹਾਂ ਵਿਚ ਪਾਣੀ ਨਾ ਆ ਸਕਦਾ ਹੋਵੇ, ਹੜ੍ਹ ਦੇ ਪਾਣੀ ਤੋਂ ਉੱਚੀ ਥਾਂ 'ਤੇ ਸਾਂਭੋ। ਜੇ ਤੁਸੀਂ ਕਿਸੇ ਖ਼ਤਰਨਾਕ ਚੀਜ਼ ਨੂੰ ਪਾਣੀ ਵਿਚ ਡੁੱਲ੍ਹਿਆ ਵੇਖਦੇ ਹੋ ਜਾਂ ਜੇ ਤੁਹਾਨੂੰ ਇਸ ਬਾਰੇ ਜਾਣਕਾਰੀ ਮਿਲਦੀ ਹੈ, ਤਾਂ 1-800-663-3456 'ਤੇ ਸੂਚਨਾ ਦਿਓ।
- ਪਾਣੀ ਵਿਚ ਤੈਰ ਰਿਹਾ ਕੂੜਾ ਕਰਕਟ ਸਿਹਤ ਲਈ ਗੰਭੀਰ ਸਮੱਸਿਆਵਾਂ ਪੈਦਾ ਕਰ ਸਕਦਾ ਹੈ ਅਤੇ ਇਹ ਇੱਕ ਅਜਿਹੀ ਚੀਜ਼ ਹੈ ਜਿਸਨੂੰ ਮਕਾਨ ਮਾਲਕ ਅਕਸਰ ਅਣਗੌਲਿਆਂ ਕਰ ਦਿੰਦੇ ਹਨ। ਜੇ ਤੁਸੀਂ ਕਿਸੇ ਅਜਿਹੇ ਇਲਾਕੇ ਵਿਚ ਹੋ ਜਿੱਥੇ ਹੜ੍ਹ ਆਉਣ ਦਾ ਖ਼ਤਰਾ ਹੈ, ਤਾਂ ਇਹ ਯਕੀਨੀ ਬਣਾਓ ਕਿ ਸਾਰਾ ਕੂੜਾ ਕਰਕਟ ਕਿਸੇ ਉੱਚੀ ਥਾਂ 'ਤੇ ਰੱਖ ਦਿੱਤਾ ਗਿਆ ਹੈ ਜਾਂ ਆਪਣੀ ਥਾਂ ਤੋਂ ਹਟਾ ਦਿੱਤਾ ਗਿਆ ਹੈ।
- ਜੇ ਤੁਸੀਂ ਬਿਜਲੀ ਦੀਆਂ ਤਾਰਾਂ ਨੂੰ ਡਿੱਗਿਆ ਵੇਖਦੇ ਹੋ, ਤਾਂ ਇਨ੍ਹਾਂ ਨੂੰ ਫੜਨ ਦੀ ਜਾਂ ਮੁਰੰਮਤ ਕਰਨ ਦੀ ਕੋਸ਼ਿਸ਼ ਨਾ ਕਰੋ। ਜਦੋਂ ਇਸ ਤਰ੍ਹਾਂ ਜਾਪਦਾ ਹੈ ਕਿ ਹੜ੍ਹ ਦਾ ਪਾਣੀ ਉਤਰ ਗਿਆ ਹੈ, ਓਦੋਂ ਵੀ ਬਾਕੀ ਬਚੇ ਪਾਣੀ ਵਿਚੋਂ ਬਿਜਲੀ ਦਾ ਕਰੰਟ 100 ਮੀਟਰ ਤੋਂ ਵੱਧ ਫਾਸਲੇ ਤੱਕ ਫੈਲ ਸਕਦਾ ਹੈ। ਬਿਜਲੀ ਦੀਆਂ ਡਿੱਗੀਆਂ ਹੋਈਆਂ ਤਾਰਾਂ ਦੀ ਸੂਚਨਾ ਦੇਣ ਲਈ ਆਪਣੀ ਲੋਕਲ ਬਿਜਲੀ ਕੰਪਨੀ ਜਾਂ ਪੁਲੀਸ ਦੇ ਮਹਿਕਮੇ ਨਾਲ ਸੰਪਰਕ ਕਰੋ।
- ਪਾਣੀ ਵਿਚ ਡੁੱਬੇ ਗੈਸ ਕੰਟਰੋਲ ਵਾਲਵਾਂ, ਸਰਕਟ ਬਰੇਕਰਾਂ ਅਤੇ ਫਿਊਜ਼ਾਂ ਤੋਂ ਅੱਗ ਅਤੇ ਧਮਾਕਿਆਂ ਦਾ ਖ਼ਤਰਾ ਹੁੰਦਾ ਹੈ। ਜਿਹੜੇ ਵੀ ਗੈਸ ਕੰਟਰੋਲ ਵਾਲਵ, ਸਰਕਟ ਬਰੇਕਰ ਅਤੇ ਫਿਊਜ਼ ਪਾਣੀ ਹੇਠਾਂ ਰਹੇ ਹੋਣ ਉਨ੍ਹਾਂ ਨੂੰ ਬਦਲ ਦਿਓ।
- ਬਿਜਲੀ ਨਾਲ ਚੱਲਣ ਵਾਲੇ ਅਪਲਾਇੰਸ – ਬਿਜਲੀ ਦੇ ਅਪਲਾਇੰਸਾਂ ਦੇ ਪਲੱਗ ਕੱਢੋ ਅਤੇ ਇਨ੍ਹਾਂ ਨੂੰ ਉੱਚੀਆਂ ਥਾਂਵਾਂ 'ਤੇ ਰੱਖੋ।
- ਬਿਜਲੀ ਤੋਂ ਸੁਰੱਖਿਆ ਬਾਰੇ ਜਾਣਕਾਰੀ ਲਵੋ www.bchydro.com/safety/ ਜਾਂ www.safetyauthority.ca/safety-information
- ਨੈਚਰਲ ਗੈਸ – ਇਹ ਜਾਣਨ ਲਈ ਕਿ ਸੁਰੱਖਿਅਤ ਤਰੀਕੇ ਨਾਲ ਆਪਣੀ ਗੈਸ ਕਿਵੇਂ ਬੰਦ ਕਰਨੀ ਹੈ, ਇਸ ਵੈੱਬਸਾਈਟ 'ਤੇ ਜਾਓ: www.terasengas.com/_Safety/SafetyHomeWork/CareOfYourMeter/HowtoturnOffYourMeter.htm
- ਲੀਕ ਹੋ ਰਹੇ ਪਰੋਪੇਨ ਦੇ ਸਿਲੰਡਰ ਜਾਂ ਨੈਚਰਲ ਗੈਸ ਨਾਲ ਅੱਗ ਲੱਗ ਸਕਦੀ ਹੈ ਜਾਂ ਵਿਸਫੋਟ ਹੋ ਸਕਦਾ ਹੈ। ਜੇ ਤੁਹਾਨੂੰ ਆਪਣਾ ਘਰ ਜਾਂ ਥਾਂ ਛੱਡਣੀ ਪੈਂਦੀ ਹੈ, ਤਾਂ ਇਹ ਜਾਣਕਾਰੀ ਹਾਸਲ ਕਰੋ ਕਿ ਸਾਰੇ ਪਰੋਪੇਨ ਦੇ ਸਿਲੰਡਰਾਂ ਅਤੇ ਗੈਸ ਦੀਆਂ ਲਾਈਨਾਂ ਨੂੰ ਸੁਰੱਖਿਅਤ ਕਿਵੇਂ ਕਰਨਾ ਹੈ ਅਤੇ ਬੰਦ ਕਿਵੇਂ ਕਰਨਾ ਹੈ। ਵਾਪਸ ਪਰਤਣ 'ਤੇ, ਗੈਸ ਨੂੰ ਫਿਰ ਤੋਂ ਚਾਲੂ ਕਰਨ ਲਈ ਕਿਸੇ ਯੋਗਤਾ-ਪ੍ਰਾਪਤ ਮਾਹਰ ਨੂੰ ਸੱਦੋ।

- ਤੁਸੀਂ ਪਾਣੀ ਨੂੰ ਜਿੰਨੀ ਜ਼ਿਆਦਾ ਦੇਰ ਆਪਣੇ ਘਰ ਜਾਂ ਹੋਰ ਇਮਾਰਤਾਂ ਵਿਚ ਖੜ੍ਹਾ ਰਹਿਣ ਦਿਓਗੇ, ਹੜ੍ਹ ਦੇ ਪਾਣੀ ਵਿਚ ਮੌਜੂਦ ਬੈਕਟੀਰੀਆ ਜਾਂ ਉੱਲੀ ਤੋਂ ਸਿਹਤ ਸਬੰਧੀ ਸਮੱਸਿਆਵਾਂ ਦੇ ਹੋਣ ਦਾ ਖ਼ਤਰਾ ਓਨਾ ਹੀ ਵੱਧ ਜਾਵੇਗਾ। ਪ੍ਰਭਾਵਤ ਥਾਂਵਾਂ ਨੂੰ ਦੱਸ ਹਿੱਸੇ ਪਾਣੀ ਵਿਚ ਇੱਕ ਹਿੱਸਾ ਘਰ ਵਿਚ ਵਰਤੀ ਜਾਣ ਵਾਲੀ ਬਲੀਚ ਦੇ ਘੋਲ ਨਾਲ ਧੋਣ ਨਾਲ ਉੱਲੀ ਸਾਫ ਹੋ ਜਾਵੇਗੀ। ਜਿੰਨੀ ਦੇਰ ਤੱਕ ਤੁਹਾਡੇ ਘਰ ਵਿਚ ਸਲ੍ਹਾਬ ਰਹੇਗੀ ਓਨੀ ਦੇਰ ਉੱਲੀ ਲੱਗਣ ਦਾ ਖ਼ਤਰਾ ਵੀ ਰਹੇਗਾ, ਕਿਉਂ ਜੋ ਸਲ੍ਹਾਬ ਅਤੇ ਗਰਮਾਇਸ਼ ਨਾਲ ਉੱਲੀ ਕਾਫੀ ਪ੍ਰਫੁਲਤ ਹੁੰਦੀ ਹੈ।
- ਵਧੇਰੇ ਜਾਣਕਾਰੀ ਲਈ ਵੇਖੋ: ਇਕ ਵੇਲੇ ਇਕ ਕਦਮ ਹੜ੍ਹ ਤੋਂ ਪਹਿਲਾਂ ਵਾਲੀ ਹਾਲਤ ਵਿਚ ਆਉਣ ਲਈ ਗਾਈਡ (One Step at a Time to Flood Recovery) http://www.pep.gov.bc.ca/floods/docs/recoveryguide-p.pdf

## ਸੁਰੱਖਿਆ ਸਬੰਧੀ ਇਹਤਿਆਤ

- ਜੇ ਤੁਸੀਂ ਡੇਅਰੀ ਆਦਿ ਦੇ ਪਸ਼ੂਆਂ ਜਾਂ ਹੋਰ ਜਾਨਵਰਾਂ ਨੂੰ ਹੜ੍ਹ ਵਾਲੀ ਥਾਂ ਤੋਂ ਬਾਹਰ ਕੱਢਿਆ ਜਾ ਰਿਹਾ ਵੇਖਦੇ ਹੋ, ਤਾਂ ਉਸ ਥਾਂ ਤੋਂ ਥੋੜ੍ਹਾ ਪਰ੍ਹਾਂ ਹੀ ਰਹੋ ਤਾਂ ਕਿ ਜਾਨਵਰਾਂ ਨੂੰ ਸੁਰੱਖਿਅਤ ਢੰਗ ਨਾਲ ਬਾਹਰ ਕੱਢਿਆ ਜਾ ਸਕੇ। ਡਰੇ ਹੋਏ ਜਾਨਵਰਾਂ ਨੂੰ ਕਾਬੂ ਕਰਨਾ ਮੁਸ਼ਕਲ ਹੋ ਸਕਦਾ ਹੈ। ਉੱਚੀ ਅਵਾਜ਼ ਕਰਨ ਵਾਲੀਆਂ ਮਸ਼ੀਨਰੀਆਂ ਤੇ ਗੱਡੀਆਂ, ਸਮੇਤ ਕਾਫੀ ਥੱਲੇ ਉਡ ਰਹੇ ਹਵਾਈ ਜਹਾਜ਼ ਦੇ, ਨਾਲ ਜਾਨਵਰ ਐਂਵੇ ਹੀ ਤ੍ਰਭਕ ਸਕਦੇ ਹਨ।
- ਜੇ ਤੁਸੀਂ ਪਾ ਸਕਦੇ ਹੋਵੋ ਤਾਂ ਕਿਸੇ ਵੀ ਐਸੀ ਚੀਜ਼ ਨਾਲ ਚਮੜੀ ਦੇ ਸੰਪਰਕ ਤੋਂ ਬਚਣ ਲਈ ਦਸਤਾਨੇ ਅਤੇ ਬੂਟ ਪਾਓ ਜਿਹੜੀ ਹੜ੍ਹ ਦੇ ਪਾਣੀ ਨਾਲ ਮਲੀਨ ਹੋ ਗਈ ਹੋਵੇ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਹੜ੍ਹ ਦੇ ਪਾਣੀ ਵਿਚ ਨਾ ਖੇਡਣ ਦੇਣ।
- ਬੀਮਾਰੀ ਫੈਲਣ ਤੋਂ ਬਚਾਅ ਕਰਨ ਲਈ ਆਪਣੇ ਹੱਥਾਂ ਨੂੰ ਬਾਰ ਬਾਰ ਸਾਬਣ ਅਤੇ ਕਿਰਮ-ਰਹਿਤ ਕੀਤੇ ਪਾਣੀ ਨਾਲ ਧੋਵੋ। ਇਸ ਤਰ੍ਹਾਂ ਖਾਣਾ ਬਣਾਉਣ ਜਾਂ ਖਾਣ ਤੋਂ ਪਹਿਲਾਂ, ਟਾਇਲੈਟ ਜਾਣ ਤੋਂ ਬਾਦ, ਅਤੇ ਹੜ੍ਹ ਦੀ ਗੰਦਗੀ ਸਾਫ ਕਰਨ ਤੋਂ ਬਾਦ ਕਰਨਾ ਚਾਹੀਦਾ ਹੈ ਜਦੋਂ ਤੁਹਾਡੇ ਹੱਥ ਮਲੀਨ ਚੀਜ਼ਾਂ ਨਾਲ ਲੱਗੇ ਹੋ ਸਕਦੇ ਹਨ।
- ਜੇ ਤੁਹਾਡੇ ਖੂਹ ਵਿਚ ਹੜ੍ਹ ਦਾ ਪਾਣੀ ਆ ਗਿਆ ਹੈ, ਤਾਂ ਮੰਨ ਲਓ ਕਿ ਤੁਹਾਡੇ ਘਰ ਵਿਚ ਪੀਣ ਵਾਲਾ ਪਾਣੀ ਠੀਕ ਨਹੀਂ ਹੈ। ਜੇ ਤੁਹਾਡਾ ਪਾਣੀ ਪਬਲਿਕ ਵਾਟਰ ਸਿਸਟਮ (ਜਨਤਕ ਪਾਣੀ ਦੀ ਪ੍ਰਣਾਲੀ) ਤੋਂ ਆਉਂਦਾ ਹੈ, ਤਾਂ ਇਸ ਬਾਰੇ ਪਤਾ ਕਰਨ ਲਈ ਕਿ ਪੀਣ ਵਾਲਾ ਪਾਣੀ ਠੀਕ ਹੈ ਜਾਂ ਨਹੀਂ ਪਬਲਿਕ ਹੈਲਥ ਅਧਿਕਾਰੀਆਂ ਵੱਲੋਂ ਜਾਰੀ ਕੀਤੀਆਂ ਖ਼ਬਰਾਂ ਸੁਣਨ ਲਈ ਲੋਕਲ ਮੀਡੀਆ (ਰੇਡੀਓ, ਟੀ.ਵੀ. ਆਦਿ) ਸੁਣੋ। ਹਰੇਕ ਹੈਲਥ ਅਥਾਰਟੀ ਕੋਲ ਆਪਣੇ ਇਲਾਕੇ ਲਈ ਪਾਣੀ ਉਬਾਲਣ ਬਾਰੇ ਐਲਾਨਾਂ ਦੀ ਸੂਚੀ ਹੋਵੇਗੀ। ਆਪਣੀ ਲੋਕਲ ਹੈਲਥ ਅਥਾਰਟੀ ਬਾਰੇ ਪਤਾ ਲਗਾਉਣ ਲਈ ਵੇਖੋ http://www.healthservices.gov.bc.ca/socsec/index.html
- ਜੇ ਪਾਣੀ ਦੂਸ਼ਤ ਹੋ ਗਿਆ ਹੈ, ਤਾਂ ਬੋਤਲ ਵਾਲਾ ਪਾਣੀ ਪੀਣਾ ਸਭ ਤੋਂ ਠੀਕ ਰਹਿੰਦਾ ਹੈ, ਜਾਂ ਕਿਰਪਾ ਕਰਕੇ http://www.bchealthguide.org/healthfiles/hfile49b.stm 'ਤੇ ਵੇਖੋ "ਪੀਣ ਵਾਲੇ ਪਾਣੀ ਨੂੰ ਕਿਰਮ-ਰਹਿਤ ਕਿਵੇਂ ਕੀਤਾ ਜਾਵੇ" (How to Disinfect Drinking Water) ।
- ਜੇ ਹੇਠਾਂ ਲਿਖੀਆਂ ਖਾਣ ਪੀਣ ਦੀਆਂ ਚੀਜ਼ਾਂ ਵਿਚੋਂ ਕਿਸੇ ਵਿਚ ਵੀ ਹੜ੍ਹ ਦਾ ਪਾਣੀ ਚਲਾ ਗਿਆ ਹੋਵੇ ਤਾਂ ਸੁੱਟ ਦੇਣੀਆਂ ਚਾਹੀਦੀਆਂ ਹਨ:
  - ਫਰੀਜ਼ਰ ਜਾਂ ਫਰਿਜ ਵਿਚਲੀਆਂ ਸਾਰੀਆਂ ਚੀਜ਼ਾਂ, ਸਮੇਤ ਸਾਰੇ ਮੀਟ, ਤਾਜ਼ੇ ਫਲਾਂ ਅਤੇ ਸਬਜ਼ੀਆਂ ਦੇ,
  - ਡੱਬਿਆਂ ਵਾਲੀਆਂ ਸਾਰੀਆਂ ਚੀਜ਼ਾਂ ਜਿਵੇਂ ਕਿ ਸੀਰੀਅਲ,
  - ਸਾਰੀਆਂ ਬੋਤਲਾਂ ਵਾਲੀਆਂ ਪੀਣ ਦੀਆਂ ਚੀਜ਼ਾਂ ਤੇ ਮਰਤਬਾਮਾਂ ਵਾਲੀਆਂ ਚੀਜ਼ਾਂ, ਸਮੇਤ ਘਰ ਪਾਏ ਅਚਾਰ ਮੁਰੱਬਿਆਂ ਆਦਿ ਦੇ – ਕਿਉਂਕਿ ਮਰਤਬਾਮਾਂ ਤੇ ਬੋਤਲਾਂ ਦੇ ਢੱਕਣਾਂ ਦੇ ਥੱਲੇ ਵਾਲੀ ਥਾਂ ਨੂੰ ਪੂਰੀ ਤਰ੍ਹਾਂ ਕਿਰਮ-ਰਹਿਤ ਨਹੀਂ ਕੀਤਾ ਜਾ ਸਕਦਾ।
  - ਸਾਰੀਆਂ ਦਵਾਈਆਂ, ਸ਼ਿੰਗਾਰ ਸਮੱਗਰੀ ਅਤੇ ਹੋਰ ਨਿੱਜੀ ਸਾਫ ਸਫਾਈ ਦਾ ਸਮਾਨ।
- ਸਾਰੀਆਂ ਡੱਬਾਬੰਦ ਚੀਜ਼ਾਂ ਜਿਨ੍ਹਾਂ ਨੂੰ ਕੋਈ ਨੁਕਸਾਨ ਨਾ ਹੋਇਆ ਹੋਵੇ, ਨੂੰ ਚੰਗੀ ਤਰ੍ਹਾਂ ਧੋਣਾ ਅਤੇ ਕਿਰਮ-ਰਹਿਤ ਕਰਨਾ ਚਾਹੀਦਾ ਹੈ, ਅਤੇ ਜੇ ਕਿਸੇ ਡੱਬੇ 'ਤੇ ਕਾਫੀ ਚਿੱਬ ਪੈ ਗਏ ਹੋਣ ਜਾਂ ਚੋ ਰਿਹਾ ਹੋਵੇ ਤਾਂ ਇਸਨੂੰ ਸੁੱਟ ਦੇਣਾ ਚਾਹੀਦਾ ਹੈ।
- ਦੂਸ਼ਣ ਕਰਕੇ ਸੰਭਵ ਤੌਰ 'ਤੇ ਹੋਣ ਵਾਲੀ ਬੀਮਾਰੀ ਤੋਂ ਬਚਣ ਲਈ ਸਾਰੇ ਭਾਂਡਿਆਂ ਨੂੰ ਧੋਵੋ ਤੇ ਕਿਰਮ-ਰਹਿਤ ਕਰੋ।
- ਜੇ ਹੜ੍ਹ ਦੇ ਦੌਰਾਨ ਜਾਂ ਹੜ੍ਹ ਤੋਂ ਬਾਦ ਬਿਜਲੀ ਚਲੀ ਜਾਵੇ, ਤਾਂ ਘਰ ਨੂੰ ਗਰਮ ਕਰਨ ਲਈ **ਕਦੇ ਵੀ** ਗੈਸ ਅਵਨ, ਖਾਣਾ ਪਕਾਉਣ ਵਾਲਾ ਚੁੱਲ੍ਹਾ (ਰੇਂਜ), ਬਾਰਬਕਿਊ, ਹਿਬਾਚੀ ਜਾਂ ਇਕ ਤੋਂ ਦੂਜੀ ਥਾਂ ਲਿਜਾਇਆ ਜਾ ਸਕਣ ਵਾਲਾ ਪਰੋਪੇਨ ਹੀਟਰ **ਨਾ ਵਰਤੋ**। ਇਹ ਚੀਜ਼ਾਂ ਆਕਸੀਜਨ ਵਰਤ ਲੈਂਦੀਆਂ ਹਨ ਅਤੇ ਕਾਰਬਨ ਮੋਨੋਆਕਸਾਈਡ ਛਡਦੀਆਂ ਹਨ, ਜਿਸ ਕਰਕੇ ਜੇ ਇਨ੍ਹਾਂ ਨੂੰ ਅੰਦਰ ਵਰਤਿਆ ਜਾਵੇ ਤਾਂ ਸਾਹ ਘੁੱਟਿਆ ਜਾ ਸਕਦਾ ਹੈ ਅਤੇ ਮੌਤ ਹੋ ਸਕਦੀ ਹੈ।
- ਜੇ ਬਿਜਲੀ ਵਾਲੀਆਂ ਮੋਟਰਾਂ ਵਿਚ ਪਾਣੀ ਚਲਾ ਗਿਆ ਹੈ, ਜਿਵੇਂ ਕਿ ਵਾਸ਼ਰ ਤੇ ਡਰਾਇਰ, ਤਾਂ ਇਨ੍ਹਾਂ ਨੂੰ ਓਦੋਂ ਤੱਕ ਮੁੜਕੇ ਨਾ ਚਲਾਓ ਜਦੋਂ ਤੱਕ ਇਨ੍ਹਾਂ ਦਾ ਮੁਆਇਨਾ ਕਿਸੇ ਯੋਗਤਾ-ਪ੍ਰਾਪਤ ਬਿਜਲੀ ਮਿਸਤਰੀ ਦੁਆਰਾ ਨਹੀਂ ਕਰ ਲਿਆ ਜਾਂਦਾ। ਜੇ ਗੈਸ ਬੰਦ ਕੀਤੀ ਗਈ ਹੈ, ਤਾਂ ਇਹ ਜ਼ਰੂਰੀ ਹੈ ਕਿ ਇਹ ਕਿਸੇ ਯੋਗਤਾ-ਪ੍ਰਾਪਤ ਮਾਹਰ ਦੁਆਰਾ ਹੀ ਫਿਰ ਤੋਂ ਚਾਲੂ ਕੀਤੀ ਜਾਵੇ।
- ਜੇ ਤੁਹਾਡੇ ਘਰ ਨੂੰ ਹੜ੍ਹ ਕਾਰਨ ਨੁਕਸਾਨ ਹੋਇਆ ਹੈ, ਤਾਂ ਘਰ ਦੀ ਬਿਜਲੀ ਨੂੰ ਮੁੜ ਤੋਂ ਸ਼ੁਰੂ ਕਰਨ ਦੀ ਕੋਸ਼ਿਸ਼ ਨਾ ਕਰੋ; ਕਿਸੇ ਬਿਜਲੀ ਇੰਸਪੈਕਟਰ ਜਾਂ ਬਿਜਲੀ ਮਿਸਤਰੀ ਤੋਂ ਸਾਰੀਆਂ ਤਾਰਾਂ ਦਾ ਮੁਆਇਨਾ ਕਰਵਾਓ।
- ਜੇ ਹੜ੍ਹ ਦਾ ਪਾਣੀ ਇਮਾਰਤ ਦੇ ਅੰਦਰ ਜਾਂ ਦੁਆਲੇ ਹਾਲੇ ਵੀ ਹੋਵੇ ਤਾਂ ਇਮਾਰਤ ਤੋਂ ਬਾਹਰ ਹੀ ਰਹੋ ਅਤੇ ਅੰਦਰ ਵੜਨ ਤੋਂ ਪਹਿਲਾਂ ਇਹ ਨਿਸ਼ਚਤ ਕਰੋ ਕਿ ਬੀ.ਸੀ. ਹਾਈਡਰੋ ਨੇ ਬਿਜਲੀ ਕੱਟ ਦਿੱਤੀ ਹੈ।

- ਜੇ ਮੋਟੇ ਤੌਰ ’ਤੇ ਇਮਾਰਤ ਵਿਚ ਹੁਣ ਹੜ੍ਹ ਦਾ ਪਾਣੀ ਨਹੀਂ ਹੈ, ਤਾਂ ਅੰਦਰ ਵੜਨ ਤੋਂ ਪਹਿਲਾਂ ਘਰ ਦੀਆਂ ਨੀਹਾਂ ਦੀ ਜਾਂਚ ਕਰੋ ਕਿ ਕਿਤੇ ਕੋਈ ਤਰੇੜਾਂ ਜਾਂ ਕੋਈ ਹੋਰ ਨੁਕਸਾਨ ਤਾਂ ਨਹੀਂ ਹੈ। ਅੰਦਰ ਵੜਨ ’ਤੇ, ਇਹ ਯਕੀਨੀ ਬਣਾਉਣ ਲਈ ਦੀਵਾਰਾਂ, ਫਰਸ਼ਾਂ, ਬੂਹਿਆਂ, ਤੇ ਬਾਰੀਆਂ ਦੀ ਜਾਂਚ ਕਰੋ ਕਿ ਇਮਾਰਤ ਨੂੰ ਢਹਿ ਜਾਣ ਦਾ ਖ਼ਤਰਾ ਤਾਂ ਨਹੀਂ ਹੈ।
- ਜ਼ਿਆਦਾਤਰ, ਹੜ੍ਹ ਜਿਹੜੀਆਂ ਚੀਜ਼ਾਂ ਪਿੱਛੇ ਛੱਡ ਜਾਂਦਾ ਹੈ ਉਨ੍ਹਾਂ ਨਾਲ ਮਿੱਟੀ ਇੰਨੀ ਦੂਸ਼ਤ ਨਹੀਂ ਹੋ ਜਾਂਦੀ ਕਿ ਚਿੰਤਾ ਦਾ ਕੋਈ ਕਾਰਨ ਬਣੇ। ਜੇ ਕੋਈ ਖ਼ਤਰਾ ਹੁੰਦਾ ਹੈ, ਤਾਂ ਲੋਕਾਂ ਲਈ ਚਿਤਾਵਨੀਆਂ ਜਾਰੀ ਕੀਤੀਆਂ ਜਾਣਗੀਆਂ।
- ਜ਼ਿਆਦਾਤਰ ਕੇਸਾਂ ਵਿਚ, ਹੜ੍ਹ ਕਰਕੇ ਸੈਪਟਿਕ ਟੈਂਕਾਂ ’ਤੇ ਕੋਈ ਗੰਭੀਰ ਅਸਰ ਨਹੀਂ ਪਵੇਗਾ। ਐਪਰ, ਜੇ ਤੁਸੀਂ ਸੈਪਟਿਕ ਖੇਤਰ ਵਿਚ ਹੜ੍ਹ ਦੇ ਪਾਣੀ ਦੇ ਪਾਣੀ ਵੰਡਣ ਵਾਲੀਆਂ ਖੰਦਕਾਂ ਤੋਂ ਥੱਲੇ ਡਿੱਗਣ ਤੋਂ ਪਹਿਲਾਂ ਗੰਦੇ ਪਾਣੀ ਦੇ ਨਿਕਾਸ ਦੀ ਪ੍ਰਣਾਲੀ (sewage system) ਦਾ ਇਸਤੇਮਾਲ ਕਰਦੇ ਹੋ ਤਾਂ ਹੜ੍ਹ ਨਾਲ ਤੁਹਾਡੇ ਗੰਦੇ ਪਾਣੀ ਦੇ ਨਿਕਾਸ ਦੇ ਖੇਤਰ ਨੂੰ ਨੁਕਸਾਨ ਪਹੁੰਚ ਸਕਦਾ ਹੈ। ਇਹ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ ਹੜ੍ਹ ਤੋਂ ਬਾਦ ਆਪਣਾ ਸੈਪਟਿਕ ਸਿਸਟਮ ਵਰਤਣ ਤੋਂ ਪਹਿਲਾਂ ਵਧੇਰੇ ਜਾਣਕਾਰੀ ਪ੍ਰਾਪਤ ਕਰੋ।

*04/2007*